# ਲੇਜੋ ਭੇਣੋ ਰਖੜੀ

ਵੀਰਾਂ ਨੂੰ ਭੇਜੋ ਰਖੜੀ

ਰਖੜੀ ਚੰਦ ਸਿਤਾਰੇ ਵਾਲੀ
ਰਖੜੀ ਹੈ ਲਿਸ਼ਕਾਰੇ ਵਾਲੀ
ਲੇਜੋ ਭੇਣੋ ਰਖੜੀ
ਵੀਰਾਂ ਨੂੰ ਭੇਜੋ ਰਖੜੀ

ਕਈ ਤਰਾਂ ਦੇ ਰੰਗਾਂ ਵਾਲੀ
ਚਾਵਾਂ ਅੱਤੇ ਉਮੰਗਾਂ ਵਾਲੀ
ਲੇਜੋ ਭੇਣੋ ਰਖੜੀ
ਵੀਰਾਂ ਨੂੰ ਭੇਜੋ ਰਖੜੀ

ਰਖੜੀ ਫੁੱਲਾਂ ਵਾਲੀ ਆਈ
ਮਹੇਕਾਂ ਆਪਣੇ ਨਾਲ ਲਿਆਈ
ਲੇਜੋ ਭੇਣੋ ਰਖੜੀ
ਵੀਰਾਂ ਨੂੰ ਭੇਜੋ ਰਖੜੀ

ਭੇਣ ਭਰਾ ਦਾ ਪਿਆਰ ਹੈ ਰਖੜੀ
ਰਿਸ਼ਤੇ ਦਾ ਸਤਕਾਰ ਹੈ ਰਖੜੀ
ਲੇਜੋ ਭੇਣੋ ਰਖੜੀ
ਵੀਰਾਂ ਨੂੰ ਭੇਜੋ ਰਖੜੀ

ਹਰ ਸਾਲ ਹੀ ਰਖੜੀ ਆਂਦੀ
ਭੇਣਾ ਦਾ ਸੰਦੇਸ਼ ਲੈ ਜਾਂਦੀ
ਲੇਜੋ ਭੇਣੋ ਰਖੜੀ
ਵੀਰਾਂ ਨੂੰ ਭੇਜੋ ਰਖੜੀ

ਹਰ ਸਾਲ ਦੁਕਾਨ ਦੇ ਮੂਹਰੇ
ਮੈਂ ਸਜੋਂਦਾ  ਰਖੜੀ
ਕਿਸੇ ਭੇਣ ਨੇ ਧਾਗਾ ਬਨ੍ਹ  ਕੇ
ਬਾਂਹ ਨਾਂ ਮੇਰੀ ਪਕੜੀ
ਲੇਜੋ ਭੇਣੋ ਰਖੜੀ
ਵੀਰਾਂ ਨੂੰ ਭੇਜੋ ਰਖੜੀ